# ਸੰਪਾਦਕੀ

## ਸਰਕਾਰ ਦੀਆਂ ਨਜ਼ਰਾਂ ਤੋਂ ਉਹਲੇ- ਐਥਨਿਕ ਪ੍ਰਿੰਟ ਮੀਡੀਆ ਦਾ ਸੰਕਟ

2017 ਵਿੱਚ ਕੈਨੇਡੀਅਨ ਪੰਜਾਬੀ ਪੋਸਟ ਨੂੰ ਫੈਡਰਲ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਆਨ ਕੈਨੇਡੀਅਨ ਹੈਰੀਟੇਜ ਸਾਹਮਣੇ ਪੇਸ਼ ਹੋਣ ਦਾ ਅਵਸਰ ਹਾਸਲ ਹੋਇਆ। ਉਸ ਵੇਲੇ ਪੰਜਾਬੀ ਪੋਸਟ (ਜਗਦੀਸ਼ ਗਰੇਵਾਲ) ਨੇ 25-30 ਐਮ ਪੀਆਂ ਦੇ ਸਾਹਮਣੇ ਗੱਲ ਕੀਤੀ ਸੀ ਕਿ ਐਥਨਿਕ ਮੀਡੀਆ ਵਿਸ਼ੇਸ਼ ਕਰਕੇ ਪੰਜਾਬੀ ਪ੍ਰਿੰਟ ਮੀਡੀਆ ਨੂੰ ਮਜ਼ਬੂਤ ਕਰਨ ਵਿੱਚ ਸਰਕਾਰ ਨੂੰ ਆਪਣਾ ਰੋਲ ਨਿਭਾਉਣਾ ਚਾਹੀਦਾ ਹੈ। ਐਥਨਿਕ ਮੀਡੀਆ ਦਾ ਪਰਵਾਸੀਆਂ ਦੇ ਦਿਲਾਂ ਵਿੱਚ ਕੈਨੇਡਾ ਪ੍ਰਤੀ ਲਗਨ ਭਰਿਆ ਸਥਾਨ ਪਰਪੱਕ ਕਰਨ ਵਿੱਚ ਜ਼ਿਕਰਯੋਗ ਰੋਲ ਹੈ। ਇਸ ਕਮੇਟੀ ਸਾਹਮਣੇ ਮੁੱਖ ਧਾਰਾ ਦੇ ਮੀਡੀਆ ਦੇ ਨੁਮਾਇੰਦਿਆਂ ਨੇ ਵੀ ਆਪੋ ਆਪਣੇ ਪੱਖ ਪੇਸ਼ ਕੀਤੇ ਸਨ। ਮਿਸਾਲ ਵਜੋਂ ਇੱਕ ਦਿਨ ਸੀ ਬੀ ਸੀ ਦੇ ਪ੍ਰੈਜ਼ੀਡੈਂਟ ਅਤੇ ਮੁੱਖ ਕਾਰਜਕਾਰੀ ਅਫ਼ਸਰ ਹਰਬਰਟ ਟੀ ਲਾ-ਕਰੋਏ (Hubert T Lacroix) ਨੇ ਬੇਇੰਤਹਾ ਲੰਬੇ ਚੌੜੇ ਅੰਕੜਿਆਂ ਦੇ ਸਹਾਰੇ ਨਾਲ ਪਾਰਲੀਮੈਂਟਰੀ ਕਮੇਟੀ ਨੂੰ ਦੱਸਿਆ ਕਿ ਕਿਵੇਂ ਕੈਨੇਡੀਅਨ ਹੈਰੀਟੇਜ ਵਿਭਾਗ ਤੋਂ ਸੀ ਬੀ ਸੀ ਨੂੰ ਮਿਲਣ ਵਾਲੇ 50 ਮਿਲੀਅਨ ਡਾਲਰ ਅਗਲੇ ਸਾਲ ਵੱਧ ਕੇ 150 ਮਿਲੀਅਨ ਡਾਲਰ ਹੋ ਜਾਣਗੇ। ਚੇਤੇ ਰਹੇ ਕਿ ਇਹ ਡਾਲਰ 1 ਬਿਲੀਅਨ ਡਾਲਰ ਤੋਂ ਵੱਧ ਉਸ ਰਾਸ਼ੀ ਦਾ ਹਿੱਸਾ ਨਹੀਂ ਜੋ ਸੀ ਬੀ ਸੀ ਨੂੰ ਆਪਣੇ ਖਰਚੇ ਪੂਰੇ ਕਰਨ ਲਈ ਹਰ ਸਾਲ ਸਰਕਾਰ ਤੋਂ ਮਿਲਦੇ ਹਨ।

ਸੀ ਬੀ ਸੀ ਮਿਸਾਲ ਦੇਣ ਪਿੱਛੇ ਮਨਸ਼ਾ ਐਥਨਿਕ ਮੀਡੀਆ ਦਾ ਸੀ ਬੀ ਸੀ , ਟੋਰਾਂਟੋ ਸਟਾਰ, ਗਲੋਬ ਐਂਡ ਮੇਲ ਜਾਂ ਨੈਸ਼ਨਲ ਪੋਸਟ ਵਰਗਿਆਂ ਨਾਲ ਮੁਕਾਬਲਾ ਕਰਨਾ ਨਹੀਂ ਸਗੋਂ ਇਹ ਆਖਣਾ ਹੈ ਕਿ ਆਪੋ ਆਪਣੇ ਪੱਧਰ ਉੱਤੇ ਹਰ ਛੋਟੇ ਵੱਡੇ ਅਦਾਰੇ ਨੂੰ ਕੰਮ ਕਰਨ ਵਾਸਤੇ ਸ੍ਰੋਤਾਂ ਦੀ ਲੋੜ ਹੁੰਦੀ ਹੈ। ਵਿੱਤੀ ਮਜ਼ਬੂਰੀਆਂ ਵੱਡੇ 2 ਅਦਾਰਿਆਂ ਦੀਆਂ ਯੋਜਨਾਵਾਂ ਨੂੰ ਵੀ ਮਿੱਟੀ ਵਿੱਚ ਮਿਲਾ ਦੇਂਦੀਆਂ ਹਨ। ਉਦਾਹਰਣ ਵਜੋਂ ਟੋਰਾਂਟੋ ਸਟਾਰ ਅਤੇ ਮਿਸੀਸਾਗਾ ਨਿਊਜ਼, ਬਰੈਂਪਟਨ ਗਾਰਡੀਅਨ ਵਰਗੇ ਸੈਂਕੜੇ ਕਮਿਉਨਿਟੀ ਅਖ਼ਬਾਰ ਚਲਾਉਣ ਵਾਲੀ ਪੇਰੈਂਟ ਕੰਪਨੀ ਟੋਰਸਟਾਰ (Torstar) ਨੇ ਆਪਣੇ ਸਮੁੱਚੇ ਬਿਜਸਨ ਨੂੰ 52 ਮਿਲੀਅਨ ਡਾਲਰ ਵਿੱਚ ਬੀਤੇ ਦਿਨੀਂ ਨੌਰਡਸਟਾਰ ਕੈਪੀਟਲ (Nordstar Capital LP) ਕੋਲ ਵੇਚਣ ਦਾ ਇਕਰਾਰਨਾਮਾ ਕਰ ਲਿਆ ਹੈ। ਗਲੋਬ ਐਂਡ ਮੇਲ ਨੇ ਥੋੜ ਦਿਨ ਪਹਿਲਾਂ ਪਾਰਲੀਮਾਨੀ ਕਮੇਟੀ ਕੋਲ ਆਪਣੇ ਵਿੱਤੀ ਦੁਖਾਂਤ ਦਾ ਰੋਣਾ ਰੋਇਆ ਹੈ। ਨੈਸ਼ਨਲ ਪੋਸਟ ਤੋਂ ਲੈ ਕੇ ਹੋਰ ਵੱਡੇ ਅਖ਼ਬਾਰ ਸੰਕਟ ਵਿੱਚ ਫਸਿਆ ਮਹਿਸੂਸ ਕਰਦੇ ਹਨ। ਇਹ ਉਹੀ ਅਖ਼ਬਾਰ ਹਨ ਜਿਹੜੇ ਹਾਲੇ 7-8 ਮਹੀਨੇ ਪਹਿਲਾਂ ਸਰਕਾਰ ਤੋਂ 600 ਮਿਲੀਅਨ ਡਾਲਰ ਦੀ ਸਹਾਇਤਾ ਪ੍ਰਾਪਤ ਕਰ ਚੁੱਕੇ ਹਨ।

ਇਹਨਾਂ ਦੇ ਮੁਕਾਬਲੇ ਐਥਨਿਕ ਮੀਡੀਆ ਨੂੰ ਸਰਕਾਰ ਵੱਲੋਂ ਕੋਈ ਸਹਾਇਤਾ ਨਹੀਂ ਦਿੱਤੀ ਜਾਂਦੀ। ਬੇਸ਼ੱਕ ਐਥਨਿਕ ਮੀਡੀਆ ਦੇ ਰੋਲ ਬਾਰੇ ਰਾਇਰਸਨ ਯੂਨੀਵਰਸਿਟੀ, ਯੌਰਕ ਯੂਨੀਵਰਸਿਟੀ ਆਦਿ ਅਦਾਰੇ ਬੀਤੇ ਸਾਲਾਂ ਤੋਂ ਖੋਜ ਕਰਦੇ ਆਏ ਹਨ ਪਰ ਇਹਨਾਂ ਖੋਜਾਂ ਦਾ ਮੁੱਖ ਉਦੇਸ਼ ਅੰਕੜੇ ਇੱਕਤਰ ਕਰਨ ਤੱਕ ਸੀਮਤ ਰਹਿ ਜਾਂਦਾ ਰਿਹਾ ਹੈ। ਪਰ 'ਐਥਨਿਕ ਮੀਡੀਆ' ਨੂੰ ਇੱਕ ਮਜ਼ਬੂਤ ਆਵਾਜ਼ ਦੀ ਲੋੜ ਹੈ ਜੋ ਸਰਕਾਰ ਦਰਬਾਰ ਗੱਲ ਕਰਨ ਦੇ ਸਮਰੱਥ ਹੋਵੇ। ਜਦੋਂ ਸਰਕਾਰ ਸਰਕਾਰ ਮੁੱਖ ਧਾਰਾ ਦੇ ਮੀਡੀਆ ਨੂੰ ਸੰਕਟ ਵਿੱਚੋਂ ਨਿਕਲਣ ਲਈ ਮਦਦ ਦੇਂਦੀ ਹੈ ਤਾਂ ਐਥਨਿਕ ਮੀਡੀਆ ਨੂੰ ਮਦਦ ਦੀ ਜੂਹ ਵਿੱਚੋਂ ਬਾਹਰ ਕਿਉਂ ਰੱਖਿਆ ਜਾਂਦਾ ਹੈ।

ਕੈਨੇਡੀਅਨ ਪਾਰਲੀਮੈਂਟ ਦੀ ਰਿਪੋਰਟ ਵਿੱਚ ਮੀਡੀਆ ਰਾਹੀਂ ਕੈਨੇਡਾ ਦੀ ਸੱਭਿਆਚਾਰਕ ਵਿਭਿੰਨਤਾ (Cultural diversity) ਦੇ ਰੋਲ ਨੂੰ ਸੱਭ ਤੋਂ ਵੱਧ ਅਹਿਮੀਅਤ ਦਿੱਤੀ ਗਈ ਹੈ। ਰਿਪੋਰਟ ਮੁਤਾਬਕ ਲੋਕਲ ਮੀਡੀਆ ਦਾ ਕੈਨੇਡੀਅਨ ਸੁਸਾਇਟੀ ਵਿੱਚ ਬੇਹੱਦ ਮਹੱਤਵਪੂਰਣ ਰੋਲ ਹੈ ਜਾਂ ਆਖ ਲਵੋ ਕਿ ਸਥਾਨਕ ਮੀਡੀਆ ਆਪੋ ਆਪਣੀਆਂ ਕਮਿਉਨਿਟੀਆਂ ਵਿੱਚ ਸਿਵਕ ਜੁੰਮੇਵਾਰੀ (Civic responsibility) ਨਿਭਉਂਦਾ ਹੈ। ਜੇ ਗੱਲ ਬਰੈਂਪਟਨ ਮਿਸੀਸਾਗਾ ਦੀ ਕੀਤੀ ਜਾਵੇ ਤਾਂ ਇੱਥੇ ਐਥਨਿਕ ਮੀਡੀਆ ਤੋਂ ਇਲਾਵਾ ਹੋਰ ਕਿਹੜਾ ਮੀਡੀਆ ਹੈ ਜੋ ਇਸ ਰੋਲ ਦੀ ਪੂਰਤੀ ਕਰਦਾ ਹੋਵੇ? ਐਥਨਿਕ ਮੀਡੀਆ ਦੇ ਇਸ ਅਹਿਮ ਰੋਲ ਨੂੰ ਐਨੇ ਚਿਰ ਤੋਂ ਨਿਰੰਤਰ ਅੱਖੋਂ ਪਰੋਖੇ ਕਿਉਂ ਕੀਤਾ ਜਾਂਦਾ ਹੈ? ਇਸ ਅਣਗਹਿਲੀ ਵਿੱਚ ਫੈਡਰਲ ਸਰਕਾਰ ਤੋਂ ਲੈ ਕੇ ਪ੍ਰੋਵਿੰਸ਼ੀਅਲ ਅਤੇ ਰੀਜਨਲ ਸਰਕਾਰਾਂ ਬਰਾਬਰ ਦੀਆਂ ਦੋਸ਼ੀ ਰਹੀਆਂ ਹਨ।

ਸਹੀ ਹੈ ਕਿ ਐਥਨਿਕ ਮੀਡੀਆ ਦੇ ਬਹੁ ਗਿਣਤੀ ਸੰਸਥਾਪਕ ਆਪਣੀ ਕਮਿਉਨਿਟੀ ਲਈ ਕੁੱਝ ਚੰਗਾ ਕਰਨ ਦੀ ਭਾਵਨਾ ਨਾਲ ਇਸ ਜੋਖ਼ਮ ਭਰੇ ਕਿੱਤੇ ਵਿੱਚ ਆਏ ਹੁੰਦੇ ਹਨ। ਕੀ ਅਜਿਹਾ ਕਰਨਾ ਗੁਨਾਹ ਹੈ? ਟੋਰਾਂਟੋ ਸਟਾਰ ਦੇ ਮੁੱਢਲੇ ਸੰਸਥਾਪਕ ਜੋਸੇਫ ਐਟਕਿਨਸਨ ਨੇ ਵੀ ਇਸ ਅਖ਼ਬਾਰ ਨੂੰ ਲੋਕਾਈ ਦੇ ਦਰਦ ਨੂੰ ਜ਼ਾਹਰ ਕਰਨ ਲਈ ਪਲੇਟਫਾਰਮ ਵਜੋਂ ਆਰੰਭ ਕੀਤਾ ਸੀ। ਉਸਦਾ ਇਰਾਦਾ ਸੀ ਕਿ ਟੋਰਾਂਟੋ ਸਟਾਰ ਨੂੰ ਕਿਸੇ ਦਿਨ ਇੱਕ ਚੈਰਟੀ ਸੰਸਥਾ ਬਣਾ ਦਿੱਤਾ ਜਾਵੇਗਾ ਤਾਂ ਜੋ ਕੈਨੇਡੀਅਨ ਪਬਲਿਕ ਕੋਲ ਨਿਰਪੱਖ ਜਾਣਕਾਰੀ ਪੁੱਜਦੀ ਰਹੇ। ਅੱਜ ਟੋਰਾਂਟੋ ਸਟਾਰ ਦੀ ਗਾਥਾ ਸਾਰਿਆਂ ਦੇ ਸਾਹਮਣੇ ਹੈ। ਸੋ ਜੇ ਐਥਨਿਕ ਮੀਡੀਆ ਦੇ ਬਹੁ ਗਿਣਤੀ ਸੰਸਥਾਪਕਾਂ ਵੱਲੋਂ ਆਪਣੀ ਕਮਿਉਨਿਟੀ ਦੀਆਂ ਲੋੜਾਂ ਪੂਰਾ ਕਰਨ ਲਈ ਆਪਣੀ ਭਾਸ਼ਾ ਵਿੱਚ ਉੱਦਮ ਕੀਤਾ ਜਾਂਦਾ ਹੈ ਤਾਂ ਕੋਈ ਗੁਨਾਹ ਨਹੀਂ ਹੈ। ਇਹਨਾਂ ਦੀਆਂ ਮੁਸ਼ਕਲਾਂ ਵੱਲ ਸਰਕਾਰ ਦਾ ਧਿਆਨ ਨਾ ਜਾਣਾ ਗੁਨਾਹ ਜਰੂਰ ਹੋਵੇਗਾ।

### ਪੰਜਾਬੀ ਪੋਸਟ ਦੇ ਸੰਪਾਦਕ ਜਗਦੀਸ਼ ਗਰੇਵਾਲ ਵੱਲੋਂ ਪਾਰਲੀਮੈਂਟ ਕਮੇਟੀ ਸਾਹਮਣੇ ਰੱਖੇ ਕੁਝ ਤੱਥ

2.5.2 Ethnocultural media

Several witnesses spoke to the Committee about the role of the ethnic media. According to Yuri Bilinsky, Managing Editor of the New Pathway Media Group, new immigrants are looking for three types of information:

information about Canada and the Canadian community as a whole;

information about their ethnic community in Canada; and information about their home country.[55]

Other witnesses praised the ethnic media as an established communication tool both inside and outside the communities they serve. During his appearance, Jagdish Grewal, editor and publisher of the Canadian Punjabi Post, explained that his newspaper contributes to the "ties of immigrants with their new country, Canada, and also towards strengthening Indo-Canadian ties."[56] Mr. Grewal also stated that there is still "a strong demand for print media among new or older immigrants."[57]

Joseph Volpe, publisher and President of Corriere Canadese, emphasized the contribution made by Canada's only Italian-language daily paper. Since its launch in 1954, the Corriere Canadese has documented the history of Italian immigrants to Canada as well as "their and our need to promote integration, participation, and diversity, along with the benefits that these accrue to Canadian social values."[58]

Like other industry players, the ethnic media must deal withtheir clients' appetite for digital platforms. As a result, they face the same challenges as other media: the migration of advertising dollars to other platforms; monetization of digital content; and development of new business models.

According to Mr. Bilinsky of the New Pathway Media Group, it is hard to know whether "we will be able to compensate with digital advertising for the loss of the printed advertisements."[59] For Mr. Grewal of the Canadian Punjabi Post, there is also an issue regarding the competition for advertising dollars with Internet Protocol channels in the Punjabi language.[60]

Mr. Grewal was also concerned about the quality of information available to the community, given the proliferation of Punjabi media outlets in Canada. This competition leads to "an utter lack of professionalism"[61] in the exercise of journalism.

## ਪਹਿਲੀ ਜੂਨ ਤੋਂ ਪੀਅਰਸਨ ਏਅਰਪੋਰਟ ਉੱਤੇ ਸਿਰਫ ਯਾਤਰੀ ਹੋ ਸਕਣਗੇ ਦਾਖਲ

...ਪੰਨਾ 1 ਦਾ ਬਾਕੀ

ਇਨ੍ਹਾਂ ਪਾਬੰਦੀਆਂ ਤੋਂ ਉਨ੍ਹਾਂ ਵਿਅਕਤੀਆਂ ਨੂੰ ਵੀ ਛੋਟ ਹੋਵੇਗੀ ਜਿਹੜੇ ਪੀਅਰਸਨ ਉੱਤੇ ਕੰਮ ਕਰਦੇ ਹਨ। ਡਾਇਰੈਕਟਿਵ ਅਨੁਸਾਰ ਏਅਰਪੋਰਟ ਵਰਕਰਜ਼, ਜਿਨ੍ਹਾਂ ਨੂੰ ਪਰਿਵਾਰਕ ਮੈਂਬਰਾਂ ਨਾਲ ਵਰਕਡੇਅ ਤੋਂ ਪਹਿਲਾਂ, ਦੌਰਾਨ ਜਾਂ ਬਾਅਦ ਵਿੱਚ ਮੁਲਾਕਾਤ ਕਰਨੀ ਹੋਵੇ ਤਾਂ ਉਹ ਅਜਿਹਾ ਟਰਮੀਨਲ ਦੀਆਂ ਇਮਾਰਤਾਂ ਤੋਂ ਬਾਹਰ ਕਰ ਸਕਣਗੇ। ਜੀਟੀਏਏ ਤੋਂ ਅਗਲੇ ਨੋਟਿਸ ਤੱਕ ਕਿਸੇ ਵੀ ਵਰਕਰ ਦੇ ਪਰਿਵਾਰਕ ਮੈਂਬਰ ਜਾਂ ਸਾਥੀਆਂ ਨੂੰ ਟਰਮੀਨਲ ਦੇ ਅੰਦਰ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ।

ਸਾਰੇ ਏਅਰਪੋਰਟ ਵਰਕਰਜ਼ ਨੂੰ ਆਪਣੇ ਕੁਲੀਗਜ਼ ਤੇ ਯਾਤਰੀਆਂ ਦਰਮਿਆਨ ਦੋ ਮੀਟਰ ਦਾ ਫਰਕ ਰੱਖਣ ਲਈ ਵੀ ਆਖਿਆ ਗਿਆ ਹੈ। ਪਹਿਲੀ ਜੂਨ ਤੋਂ ਸਾਰੇ ਯਾਤਰੀਆਂ ਤੇ ਏਅਰਪੋਰਟ ਵਰਕਰਜ਼ ਨੂੰ ਏਅਰਪੋਰਟ ਦੇ ਜਨਤਕ ਏਰੀਆਜ਼, ਜਿਵੇਂ ਕਿ ਸਕਿਊਰਿਟੀ ਸਕਰੀਨਿੰਗ, ਪਾਰਕਿੰਗ ਫੈਸਿਲਿਟੀਜ਼, ਸਾਈਡਵਾਕਸ ਤੇ ਹੋਰ ਪਬਲਿਕ ਏਰੀਆਜ਼, ਵਿੱਚ ਫੇਸ ਕਵਰਿੰਗ ਪਾ ਕੇ ਰੱਖਣੀ ਹੋਵੇਗੀ।

## ਟਿੱਡੀ ਦਲ ਦਾ ਖਤਰਾ: ਪੰਜਾਬ ਦੇ 11 ਵਿਭਾਗ, 36 ਟੀਮਾਂ ਅਤੇ ਫਾਇਰ ਬ੍ਰਿਗੇਡ ਮੁਕਾਬਲੇ ਲਈ ਤਾਇਨਾਤ

ਚੰਡੀਗੜ੍ਹ, 28 ਮਈ, (ਪੋਸਟ ਬਿਊਰੋ)- ਗਵਾਂਢੀ ਰਾਜਾਂ ਵਿੱਚ ਟਿੱਡੀ ਦਲ ਦੇ ਹਮਲੇ ਨੂੰ ਵੇਖਦੇ ਹੋਏ ਪੰਜਾਬ ਦੇ ਬਠਿੰਡਾ ਜ਼ਿਲੇ ਵਿੱਚ ਖੇਤੀਬਾੜੀ ਵਿਭਾਗ ਪੂਰੀ ਤਰ੍ਹਾਂ ਅਲਰਟ ਕਰ ਦਿੱਤਾ ਗਿਆ ਹੈ। ਸਥਿਤੀ ਦੇ ਮੁਕਾਬਲੇ ਲਈ 11 ਵਿਭਾਗਾਂ ਵੱਲੋਂ 36 ਟੀਮਾਂ ਤਿਆਰ ਕੀਤੀਆਂ ਗਈਆਂ ਅਤੇ ਫਾਇਰ ਬ੍ਰਿਗੇਡ ਦੀਆਂ ਚਾਰ ਗੱਡੀਆਂ ਤਿਆਰ ਰੱਖੀਆਂ ਹਨ। ਇਸ ਤੋਂ ਬਿਨਾ ਕੀੜੇ ਮਾਰ ਦਵਾਈਆਂ ਵੀ ਛਿੜਕਾਅ ਕਰਨ ਲਈ ਲਿਆਂਦੀਆਂ ਗਈਆਂ ਹਨ।



ਵਰਨਣ ਯੋਗ ਹੈ ਕਿ ਟਿੱਡੀ ਦਲ ਬਹੁਤਾ ਕਰ ਕੇ ਦਿਨ ਵੇਲੇ ਫਸਲਾਂ ਉੱਤੇ ਹਮਲਾ ਕਰਦਾ ਹੈ। ਖੇਤੀਬਾੜੀ ਵਿਭਾਗ ਇਸ ਕੋਸ਼ਿਸ਼ ਵਿੱਚ ਹੈ ਕਿ ਟਿੱਡੀ ਦਲ ਨੂੰ ਜ਼ਿਲ੍ਹੇ ਵਿੱਚ ਆਉਣ ਤੋਂ ਰੋਕਿਆ ਜਾਵੇ ਤੇ ਇਸ ਲਈ ਕਿਸਾਨਾਂ ਦੀ ਮਦਦ ਲਈ ਜਾ ਰਹੀ ਹੈ। ਵਿਭਾਗ ਨੇ ਵਟਸਐਪ ਗਰੁੱਪ ਬਣਾਏ ਹਨ ਤਾਂ ਜੋ ਕਿਸਾਨ ਪ੍ਰਸ਼ਾਸਨ ਨੂੰ ਟਿੱਡੀ ਦਲ ਬਾਰੇ ਸੂਚਨਾ ਦੇ ਸਕਣ। ਫਿਰ ਵੀ ਟਿੱਡੀ ਦਲ ਦਾ ਵੱਡਾ ਖਤਰਾ ਕਾਇਮ ਹੈ। ਇਸ ਤੋਂ ਪਹਿਲਾਂ ਰਾਜਸਥਾਨ, ਗੁਜਰਾਤ ਅਤੇ ਮੱਧ ਪ੍ਰਦੇਸ਼ ਵਿੱਚ 50 ਹਜ਼ਾਰ ਹੈਕਟੇਅਰ ਤੋਂ ਵੱਧ ਫ਼ਸਲ ਟਿੱਡੀ ਦਲ ਨੇ ਤਬਾਹ ਕਰ ਦਿੱਤੀ ਹੈ ਤੇ ਉੱਤਰ ਪ੍ਰਦੇਸ਼ ਦੇ ਕੁਝ ਹਿਸੇ ਵਿੱਚ ਵੀ ਟਿੱਡੀ ਦਲ ਆਇਆ ਹੈ ਤੇ ਦਿੱਲੀ ਵਧ ਵਧਣ ਦਾ ਵੀ ਡਰ ਹੈ। ਟਿੱਡੀਆਂ ਦਾ ਝੁੰਡ ਹਵਾ ਦੇ ਰੁਖ਼ ਨਾਲ ਉੱਡਦਾ ਹੈ ਅਤੇ ਇੱਕੋ ਥਾਂ ਬੈਠਣ ਨਾਲ ਇਹ ਕਈ ਹਜ਼ਾਰ ਲੋਕਾਂ ਦੇ ਗੁਜ਼ਾਰੇ ਜੋਗੀ ਖ਼ੁਰਾਕ ਖਾ ਜਾਂਦਾ ਹੈ।

ਯੂ ਐੱਨ ਓ ਦੇ ਅਧੀਨ ਆਉਂਦੇ ਫੂਡ ਐਂਡ ਐਗਰੀਕਲਟਰ ਆਰਗੇਨਾਈਜੇਸ਼ਨ ਦੇ ਮੁਤਾਬਕ ਰੇਤਲੇ ਇਲਾਕਿਆਂ ਪਾਈਆਂ ਜਾਂਦੀਆਂ ਟਿੱਡੀਆਂ ਸਭ ਤੋਂ ਖਤਰਨਾਕ ਹਨ। ਇਹ 150 ਕਿਲੋਮੀਟਰ ਰਫ਼ਤਾਰ ਨਾਲ ਉੱਡ ਸਕਦੀਆਂ ਹਨ ਅਤੇ ਇੱਕ ਕਿਲੋਮੀਟਰ ਦੇ ਘੇਰੇ ਵਿੱਚ ਇਸ ਝੁੰਡ ਵਿੱਚ 15 ਕਰੋੜ ਤੋਂ ਵੱਧ ਟਿੱਡੀਆਂ ਹੋ ਸਕਦੀਆਂ ਹਨ। ਇਨ੍ਹਾਂ ਦਾ ਝੁੰਡ ਕਈ ਸੈਂਕੜੇ ਕਿਲੋਮੀਟਰ ਤਕ ਵੀ ਫੈਲਿਆ ਹੋ ਸਕਦਾ ਹੈ। ਸਾਲ 1875 ਵਿੱਚ ਅਮਰੀਕਾ ਵਿੱਚ 5,12,817 ਵਰਗ ਕਿਲੋਮੀਟਰ ਦਾ ਝੁੰਡ ਵੀ ਵੇਖਿਆ ਗਿਆ ਸੀ। ਇਹ ਰੇਗਿਸਤਾਨੀ ਟਿੱਡੀਆਂ ਹੁੰਦੀਆਂ ਹਨ ਤੇ ਇਨ੍ਹਾਂ ਨੂੰ ਬ੍ਰੀਡਿੰਗ ਲਈ ਰੇਤਲਾ ਇਲਾਕਾ ਪਸੰਦ ਹੁੰਦਾ ਹੈ। ਇਨ੍ਹਾਂ ਟਿੱਡੀਆਂ ਦੀ ਬ੍ਰੀਡਿੰਗ ਜੂਨ-ਜੁਲਾਈ ਤੋਂ ਅਕਤਬੂਰ-ਨਵੰਬਰ ਤਕ ਹੁੰਦੀ ਹੈ।

ਭਾਰਤ ਵਿੱਚ ਟਿੱਡੀਆਂ ਪਾਕਿਸਤਾਨ ਤੋਂ ਆਈਆਂ ਹਨ ਤੇ ਓਥੇ ਇਰਾਨ ਵੱਲੋਂ ਆਈਆਂ ਸਨ। ਬੀਤੇ ਫਰਵਰੀ ਵਿੱਚ ਟਿੱਡੀਆਂ ਦੇ ਹਮਲੇ ਵੇਲੇ ਪਾਕਿਸਤਾਨ ਨੇ ਕੌਮੀ ਐਮਰਜੈਂਸੀ ਐਲਾਨ ਦਿੱਤੀ ਸੀ। 11 ਅਪ੍ਰੈਲ ਤੋਂ ਟਿੱਡੀਆਂ ਨੇ ਭਾਰਤ ਵਿੱਚ ਹਮਲਾ ਸ਼ੁਰੂ ਕੀਤਾ ਸੀ। ਇਸ ਤੋਂ ਪਹਿਲਾਂ ਸਾਲ ਦੇ ਸ਼ੁਰੂ ਵਿੱਚ ਇਨ੍ਹਾਂ ਨੇ ਅਫ਼ਰੀਕੀ ਦੇਸ਼ ਕੀਨੀਆ ਵਿੱਚ ਵੱਡੀ ਤਬਾਹੀ ਮਚਾਈ ਸੀ। ਵਿਸ਼ਵ ਬੈਂਕ ਨੇ ਇਸ ਸਾਲ ਦੇ ਅੰਤ ਤਕ ਟਿੱਡੀਆਂ ਦੇ ਹਮਲੇ ਕਾਰਨ ਕੀਨੀਆ ਨੂੰ 8.5 ਅਰਬ ਡਾਲਰ ਯਾਨੀ 63,750 ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਅੰਦਾਜ਼ਾ ਲਾਇਆ ਹੈ।

## ਪਦਮ ਸ੍ਰੀ ਦਾ ਐਵਾਰਡ ਲੈ ਚੁੱਕੀ ਚਾਨੂ ਦਾ ਨਾਂਅ ਅਰਜੁਨ ਐਵਾਰਡ ਲਈ ਵੀ ਭੇਜ ਦਿੱਤਾ ਗਿਆ

ਨਵੀਂ ਦਿੱਲੀ, 28 ਮਈ (ਪੋਸਟ ਬਿਊਰੋ)- ਭਾਰਤੀ ਵੇਟਲਿਫਟਿੰਗ ਫੈਡਰੇਸ਼ਨ (ਆਈ ਡਬਲਯੂ ਐਲ ਐਫ) ਨੇ ਇਸ ਵਾਰ ਖੇਡ ਰਤਨ ਐਵਾਰਡ ਹਾਸਲ ਕਰ ਚੁੱਕੀ ਸਾਬਕਾ ਵਿਸ਼ਵ ਚੈਂਪੀਅਨ ਮੀਰਾਬਾਈ ਚਾਨੂ ਦਾ ਨਾਂਅ ਅਰਜੁਨ ਪੁਰਸਕਾਰ ਲਈ ਭੇਜਿਆ ਹੈ। ਅਜਿਹਾ ਆਮ ਤੌਰ 'ਤੇ ਨਹੀਂ ਹੁੰਦਾ ਕਿ ਕਿਸੇ ਖੇਡ ਰਤਨ ਪੁਰਸਕਾਰ ਜੇਤੂ ਦਾ ਨਾਂਅ ਅਰਜੁਨ ਐਵਾਰਡ ਲਈ ਭੇਜਿਆ ਹੋਵੇ, ਪਰ ਆਈ ਡਬਲਯੂ ਐਲ ਐਫ ਨੇ ਇਹ ਹੈਰਾਨ ਕਰਨ ਵਾਲਾ ਫੈਸਲਾ ਲਿਆ।



ਫੈਡਰੇਸ਼ਨ ਨੇ ਚਾਨੂ ਦੇ ਨਾਲ ਰਾਗਾਲਾ ਵੈਂਕਟ ਰਾਹੁਲ ਅਤੇ ਪੂਨਮ ਯਾਦਵ ਦੇ ਨਾਂਅ ਵੀ ਭੇਜੇ ਹਨ। ਚਾਨੂ ਨੂੰ 2018 ਵਿੱਚ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਵਿਰਾਟ ਕੋਹਲੀ ਦੇ ਨਾਲ ਖੇਡ ਰਤਨ ਮਿਲਿਆ ਸੀ। ਉਨ੍ਹਾਂ ਨੂੰ ਉਸੇ ਸਾਲ ਪਦਮਸ੍ਰੀ ਸਨਮਾਨ ਵੀ ਦਿੱਤਾ ਗਿਆ। ਜੂਨੀਅਰ ਸਰਕਟ 'ਤੇ ਕਈ ਵਾਰ ਮੈਡਲ ਜਿੱਤ ਚੁੱਕੇ ਰਾਹੁਲ ਨੇ ਕਾਮਨਵੈੱਲਥ ਚੈਂਪੀਅਨਸ਼ਿਪ ਵਿੱਚ ਦੋ ਗੋਲਡ ਤੇ 2018 ਕਾਮਨਵੈੱਲਥ ਖੇਡਾਂ ਵਿੱਚ ਗੋਲਡ ਜਿੱਤਿਆ ਸੀ। ਦੂਜੇ ਪਾਸੇ ਪੂਨਮ ਯਾਦਵ ਨੇ ਕਾਮਨਵੈੱਲਥ ਚੈਂਪੀਅਨਸ਼ਿਪ ਵਿੱਚ ਦੋ ਗੋਲਡ ਤੇ 2018 ਕਾਮਨਵੈੱਲਥ ਖੇਡਾਂ ਵਿੱਚ ਸੋਨ ਤਮਗਾ ਆਪਣੇ ਨਾਂਅ ਕੀਤਾ ਸੀ। ਵੇਟਲਿਫਟਰਾਂ ਵਿੱਚ ਆਖਰੀ ਵਾਰ ਅਰਜੁਨ ਐਵਾਰਡ ਸਤੀਸ਼ ਸ਼ਿਵਲਿੰਗਮ ਨੂੰ 2015 ਵਿੱਚ ਮਿ-ਲਆ ਸੀ।

ਅਮਰੀਕਾ ਵਿੱਚ 2017 ਵਿੱਚ ਵਿਸ਼ਵ ਚੈਂਪੀਅਨਸ਼ਿਪ ਵਿੱਚ ਗੋਲਡ ਜਿੱਤਣ ਵਾਲੀ ਚਾਨੂ ਨੇ ਕਿਹਾ ਕਿ ਮੈਨੂੰ ਪਤਾ ਹੈ ਕਿ ਖੇਡ ਰਤਨ ਸਰਵੋਤਮ ਇਨਾਮ ਹੈ, ਪਰ ਮੈਨੂੰ ਪਹਿਲਾਂ ਅਰਜੁਨ ਐਵਾਰਡ ਨਹੀਂ ਮਿਲਿਆ ਤੇ ਮੈਨੂੰ ਉਹ ਵੀ ਚਾਹੀਦਾ ਹੈ। ਕਈ ਵਾਰ ਸਾਨੂੰ ਸਭ ਚਾਹੀਦਾ ਹੁੰਦਾ ਹੈ। ਖਿਡਾਰੀਆਂ ਦਾ ਅਰਜੁਨ ਐਵਾਰਡ ਨਾਲ ਖਾਸ ਲਗਾਅ ਹੁੰਦਾ ਹੈ। ਮੈਂ 2018 ਵਿੱਚ ਵੀ ਇਸ ਵੱਕਾਰੀ ਅਰਜੁਨ ਪੁਰਸਕਾਰ ਤੇ ਖੇਡ ਰਤਨ ਦੋਵਾਂ ਲਈ ਅਰਜ਼ੀਆਂ ਭੇਜੀਆਂ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਤੀਜੀ ਵਾਰ ਮਜ਼ਦੂਰ ਕੁਆਰੰਟਾਈਨ ਹੋਇਆ, ਅਜੇ ਵੀ ਘਰੋਂ 60 ਕਿਲੋਮੀਟਰ ਦੂਰ

ਜਮਸ਼ੇਦਪੁਰ, 28 ਮਈ (ਪੋਸਟ ਬਿਊਰੋ)- ਕੋਰੋਨਾ ਲਾਕਡਾਊਨ ਦੌਰਾਨ ਲੱਖਾਂ ਲੋਕ ਪੈਦਲ ਹੀ ਆਪਣੇ ਘਰਾਂ ਨੂੰ ਤੁਰ ਪਏ ਸਨ। ਝਾਰਖੰਡ ਦੇ ਚਾਈਬਾਸਾ ਦਾ ਇੱਕ ਆਦਿਵਾਸੀ ਨੌਜਵਾਨ ਦਾ ਆਸਨਸੋਲ ਤੋਂ ਇਹ ਹੀ ਸੋਚ ਕੇ ਪੈਦਲ ਚੱਲਿਆ, ਪਰ ਆਪਣੇ ਘਰ ਦੀ 250 ਕਿਲੋਮੀਟਰ ਦੂਰੀ ਤੈਅ ਕਰਨ 'ਚ ਉਸ ਨੂੰ 32 ਦਿਨ ਲੱਗ ਗਏ। ਅਜੇ ਵੀ ਉਹ ਆਪਣੇ ਘਰ ਤੋਂ 60 ਕਿਲੋਮੀਟਰ ਦੂਰ ਹੈ, ਜਮਸ਼ੇਦਪੁਰ ਦੇ ਇੱਕ ਕੁਆਰੰਟਾਈਨ ਸੈਂਟਰ 'ਚ ਨੌਜਵਾਨ ਉਸ ਮਨਹੂਸ ਘੜੀ ਨੂੰ ਕੋਸ ਰਿਹਾ ਹੈ, ਜਦੋਂ ਉਸ ਨੇ ਪੈਦਲ ਆਪਣੇ ਘਰ ਜਾਣ ਦਾ ਫੈਸਲਾ ਕੀਤਾ। ਜਮਸ਼ੇਦਪੁਰ ਤੋਂ ਪਹਿਲਾਂ ਉਹ ਆਸਨਸੋਲ ਤੇ ਧਨਬਾਦ 'ਚ 14-14 ਦਿਨ ਕੁਆਰੰਟਾਈਨ ਸੈਂਟਰ ਵਿੱਚ ਗੁਜ਼ਾਰ ਚੁੱਕਿਆ ਹੈ। ਇਹ ਉਸ ਦਾ ਤੀਜਾ ਕੁਆਰੰਟਾਈਨ ਹੈ।

ਇਹ ਆਦਿਵਾਸੀ ਨੌਜਵਾਨ ਪੱਛਮੀ ਬੰਗਾਲ ਦੇ ਆਸਨਸੋਲ ਦੀ ਇੱਕ ਆਈਸਕ੍ਰੀਮ ਫੈਕਟਰੀ ਵਿੱਚ ਕੰਮ ਕਰਦਾ ਸੀ। 25 ਅਪ੍ਰੈਲ ਨੂੰ ਪੱਛਮੀ ਸਿੰਘਭੂਮ ਜ਼ਿਲੇ ਤੋਂ ਝਾਰਖੰਡ ਵਿਚਲੇ ਚਾਈਬਾਸਾ ਵਿੱਚ ਆਪਣੇ ਘਰ ਜਾਣ ਲਈ ਪੈਦਲ ਚੱਲ ਪਿਆ ਸੀ। ਉਸ ਨੇ ਸੋਚਿਆ ਸੀ ਕਿ ਚਾਰ-ਪੰਜ ਦਿਨਾਂ ਵਿੱਚ ਘਰ ਪੁੱਜ ਜਾਵੇਗਾ। ਦੂਰੀ ਕਰੀਬ 250 ਕਿਲੋਮੀਟਰ ਸੀ, ਪਰ ਆਸਨਸੋਲ ਦੀ ਸਰਹੱਦ 'ਤੇ ਉਸ ਨੂੰ 14 ਦਿਨਾਂ ਲਈ ਕੁਆਰੰਟਾਈਨ ਕਰ ਦਿੱਤਾ ਗਿਆ। ਰੈੱਡ ਜ਼ੋਨ ਆਸਨਸੋਲ ਤੋਂ ਨਿਕਲਿਆ ਤਾਂ ਸਰਹੱਦੀ ਸ਼ਹਿਰ ਧੰਨਬਾਦ ਪਹੁੰਚਿਆ। ਇਥੇ ਵੀ 14 ਦਿਨ ਕੁਆਰੰਟਾਈਨ ਵਿੱਚ ਕੱਟਣੇ ਪਏ। ਉਥੋਂ ਛੁੱਟਣ ਤੋਂ ਬਾਅਦ ਹਿੰਮਤ ਇੱਕਠੀ ਕੀਤੀ ਤੇ ਦੋ ਦਿਨ ਪੈਦਲ ਚੱਲਣ ਤੋਂ ਬਾਅਦ ਜਮਸ਼ੇਦਪੁਰ ਦੇ ਬਾਹਰ ਹੱਦ 'ਤੇ ਪਾਰਡੀਹ ਚੈੱਕ ਪੋਸਟ 'ਤੇ ਫੜ ਲਿਆ ਕੇ ਅਧਿਕਾਰੀਆਂ ਨੇ ਉਸ ਨੂੰ ਜਮਸ਼ੇਦਪੁਰ ਦੇ ਪਾਰਡੀਹ ਦੇ ਕੁਆਰੰਟਾਈਨ ਸੈਂਟਰ ਵਿੱਚ 14 ਦਿਨ ਲਈ ਭੇਜ ਦਿੱਤਾ। ਉਹ ਨੇ ਆਪਣਾ ਦਰਦ ਦੱਸਿਆ, ਪਰ ਉਸ ਦੀ ਕਿਸੇ ਨਾ ਸੁਣੀ। ਅਧਿਕਾਰੀਆਂ ਨੇ ਕਿਹਾ ਕਿ ਬੰਗਾਲ ਸਾਰਾ ਰੈੱਡ ਜ਼ੋਨ ਹੈ, ਸਾਨੂੰ ਨਾ ਸਮਝਾ, ਕੋਰੋਨਾ ਵਾਇਰਸ 28 ਦਿਨ ਤੱਕ ਪੈਦਾ ਹੋ ਸਕਦਾ ਹੈ, ਰਸਤੇ ਵਿੱਚ ਤੂੰ ਕਿਸੇ ਨੂੰ ਮਿਲਿਆ ਹੋਵੇਂਗਾ, ਅਸੀਂ ਰਿਸਕ ਨਹੀਂ ਲੈ ਸਕਦੇ। ਉਹ ਨੌਜਵਾਨ ਕਹਿ ਰਿਹਾ ਹੈ ਕਿ ਕਿੱਥੇ ਉਸਨੇ ਚਾਰ ਦਿਨ ਪੈਦਲ ਚੱਲ ਕੇ ਚਾਈਬਾਸਾ ਪਹੁੰਚ ਜਾਣਾ ਸੀ, ਪਰ 42 ਦਿਨ ਰਸਤੇ ਵਿੱਚ ਬਿਤਾਉਣੇ ਪੈ ਰਹੇ ਹਨ। ਅਜੇ ਚਾਈਬਾਸਾ ਜਾਵਾਂਗਾ ਉਥੇ ਵੀ ਮੈਨੂੰ 14 ਦਿਨ ਸਰਕਾਰੀ ਕੁਆਰੰਟਾਈਨ 'ਚ ਰੱਖਿਆ ਜਾਵੇਗਾ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal Sales Representative
Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

